# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ 24.7.2020
# ਦੀ ਕਾਰਵਾਈ

(ਮਤਾ ਨੰ: **107-119** )

ਮੀਟਿੰਗ ਸ਼ੁਰੂ ਹੋਣ ਤੇ ਮਾਨਯੋਗ ਕਮਿਸ਼ਨਰ ਜੀ ਨੇ ਸਾਰੇ ਮੈਂਬਰ ਸਾਹਿਬਾਨ ਦਾ ਸੁਆਗਤ ਕੀਤਾ ਅਤੇ ਕਿਹਾ ਕਿ ਕੋਵਿਡ 19 ਮਹਾਂਮਾਰੀ ਦੌਰਾਣ ਅਸੀਂ ਅੱਜ ਦੀ ਇਹ ਵਰਚੁਅਲ ਮੀਟਿੰਗ ਕਰ ਰਹੇ ਹਾਂ । ਕਿਉਂ ਜ਼ੋ ਪੰਜਾਬ ਸਰਕਾਰ ਦੀਆਂ ਹਦਾਇਤਾਂ ਹਨ ਕਿ ਫਿਜ਼ੀਕਲ ਡਿਸਟੈਂਸਿੰਗ ਦੀ ਪਾਲਣਾ ਕੀਤੀ ਜਾਵੇ । ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਨਾ ਹੋਵੇ ਇਸ ਕਰਕੇ ਅੱਜ ਦੀ ਇਹ ਮੀਟਿੰਗ ਜ਼ੂਮ ਐਪ ਰਾਹੀਂ ਕਰਨ ਜਾ ਰਹੇ ਹਾਂ ਅਤੇ ਬੇਨਤੀ ਹੈ ਕਿ ਨਗਰ ਨਿਗਮ ਦੀਆਂ ਕਮੇਟੀਆਂ ਦੀਆਂ ਮੀਟਿੰਗਾਂ ਵੀ ਇਸੇ ਤਰੀਕੇ ਨਾਲ ਕੀਤੀਆਂ ਜਾਣ ਜਿਸ ਨਾਲ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵਲੋਂ ਜਾਰੀ ਗਾਈਡਲਾਈਨਜ਼ ਦੀ ਪਾਲਣਾ ਹੋ ਸਕੇ । ਇਸ ਉਪਰੰਤ ਉਹਨਾਂ ਨੇ ਮੀਟਿੰਗ ਸ਼ੁਰੂ ਕਰਨ ਲਈ ਕਿਹਾ ।

ਕੋਵਿਡ-19(ਕੋਰੋਨਾ ਵਾਇਰਸ) ਇਸ ਵੇਲੇ ਪੂਰੇ ਵਿਸ਼ਵ ਵਿਚ ਫੈਲ ਚੁੱਕਿਆ ਹੈ, ਜਿਸ ਨੂੰ ਸਰਕਾਰ ਵਲੋਂ ਮਹਾਂਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ। ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਨੰਬਰ:SS/ACSH/2020/528, ਮਿਤੀ 13.7.2020 ਅਤੇ ਜਿਲ੍ਹਾ ਮੈਜਿਸਟਰੇਟ ਵਲੋਂ ਸ਼ਹਿਰ ਵਿਚ ਸੈਕਸ਼ਨ 144 ਅਧੀਨ 5 ਤੋਂ ਵੱਧ ਵਿਅਕਤੀਆਂ ਦੇ ਇਕੱਠ ਨਾ ਹੋਣ ਸਬੰਧੀ ਜਾਰੀ ਹਦਾਇਤਾਂ ਅਤੇ ਕਮਿਸ਼ਨਰ ਜੀ ਦੇ ਦਫਤਰੀ ਪੱਤਰ ਨੰ:PA/2020/113-120, ਮਿਤੀ 20.7.2020 ਦੀ ਰੋਸ਼ਨੀ ਵਿਚ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ **24.7.2020** ਨੂੰ ਜ਼ੂਮ ਐਪ (ਆਨਲਾਇਨ ਤਰੀਕੇ) ਰਾਹੀਂ ਹੋਈ ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................. ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ................ ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ
6. ਸ੍ਰੀ ਗਿਆਨ ਚੰਦ, ਕੌਂਸਲਰ ..................................... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
24.7.2020

**ਮਤਾ ਨੰਬਰ: 107**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 6.7.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 6.7.2020 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੋਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ :

- ਪਿਛਲੀ ਮੀਟਿੰਗ ਜਿਹੜੀ ਕਿ ਮਿਤੀ 6.7.2020 ਦੀ ਮੱਦ ਨੰ: 96 ਅਤੇ 97 ਨੂੰ ਲੰਬਿਤ ਰੱਖਿਆ ਗਿਆ ਸੀ ਅਤੇ ਇਹ ਵੀ ਫੈਸਲਾ ਹੋਇਆ ਸੀ ਕਿ ਇਸ ਤਜਵੀਜ਼ ਬਾਬਤ ਪੂਰੀ ਡਿਟੇਲਡ ਰਿਪੋਰਟ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ ਜਿਵੇਂ ਕਿ ਕੀ ਇਸ ਕੰਮ ਦਾ ਬਿਲ ਫਾਈਨਲ ਹੋ ਚੁੱਕਾ ਹੈ ਆਦਿ। ਮੇਅਰ ਜੀ ਵਲੋਂ ਦੱਸਿਆ ਗਿਆ ਕਿ ਇਹਨਾਂ ਦੋਵੇਂ ਕੰਮਾਂ ਦੇ ਬਿਲ ਉਹਨਾਂ ਪਾਸ ਆ ਚੁੱਕੇ ਹਨ ਜਿਹੜੇ ਕਿ ਪੜ੍ਹਣ ਯੋਗ ਨਹੀਂ ਹਨ, ਇਸ ਲਈ ਇਹ ਬਿਲ ਟਾਈਪ ਕਰਕੇ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ।ਉਹਨਾਂ ਕਮੇਟੀ ਦੇ ਬਾਕੀ ਮੈਂਬਰਾਂ ਨੂੰ ਪੁੱਛਿਆ ਲੋਕ ਹਿੱਤ ਵਿੱਚ ਇਹਨਾਂ ਕੰਮਾਂ ਦੇ ਤਖ਼ਮੀਨੇ ਸੋਧੇ ਗਏ ਹਨ ਅਤੇ ਜੇਕਰ ਕਮੇਟੀ ਮੈਂਬਰ ਪ੍ਰਵਾਨ ਕਰਦੇ ਹਨ ਤਾਂ ਇਹਨਾਂ ਦੋਵੇਂ ਕੰਮਾਂ ਦੇ ਸੋਧੇ ਜਾਣ ਵਾਲੇ ਤਖ਼ਮੀਨੇ ਅੱਜ ਦੀ ਮੀਟਿੰਗ ਵਿੱਚ ਸ਼ਾਮਲ ਕਰ ਲਏ ਜਾਣ ਜਿਸ ਤੇ ਕਮੇਟੀ ਵਲੋਂ ਇਸ ਦੀ ਪ੍ਰਵਾਨਗੀ ਦਿੱਤੀ ਗਈ ।
- ਪਿਛਲੀ ਮੀਟਿੰਗ ਜਿਹੜੀ ਕਿ ਮਿਤੀ 6.7.2020 ਦੀ ਮੱਦ ਨੰ: 99 ਸਬੰਧੀ ਫੈਸਲਾ ਹੋਇਆ ਸੀ ਕਿ ਵਾਰਡ ਨੰ: 56,35,36,37,10,11,12,13,14,15,22, ਅਤੇ 29, ਤੇ ਮੱਦ ਨੰ: 102 ਵਿੱਚ ਵਾਰਡ ਨੰ: 32,33 ਅਤੇ 34 ਦੇ ਕੰਮਾਂ ਦੇ ਟੈਂਡਰ ਹਾਲ ਦੀ ਘੜੀ ਲੰਬਿਤ ਰੱਖੇ ਜਾਂਦੇ ਹਨ ਕਿਉਂ ਜ਼ੋ ਇਹਨਾਂ ਵਾਰਡਾਂ ਦੇ ਪਿਛਲੇ ਮੇਨਟੀਨੈਂਸ ਦੇ ਕੰਮ ਦਫ਼ਤਰੀ ਰਿਪੋਰਟਾਂ ਅਨੁਸਾਰ ਅਜੇ ਤੱਕ ਮੁਕੰਮਲ ਨਹੀਂ ਹੋਏ ਜਾਂ ਠੇਕੇਦਾਰਾਂ ਵਲੋਂ ਉਹਨਾਂ ਦੇ ਅੰਤਮ ਬਿਲ ਪੇਸ਼ ਨਹੀਂ ਕੀਤੇ ਗਏ ਜਾਂ ਫਿਰ ਸਬੰਧਤ ਵਾਰਡ ਕੋਂਸਲਰ ਪਾਸੋਂ ਕੰਮ ਮੁਕੰਮਲ ਅਤੇ ਤਸੱਲੀਬਖ਼ਸ ਕੀਤੇ ਜਾਣ ਸਬੰਧੀ ਸਰਟੀਫਿਕੇਟ ਪ੍ਰਾਪਤ ਨਹੀਂ ਕੀਤੇ ਗਏ । ਜਿਹਨਾਂ ਠੇਕੇਦਾਰਾਂ ਵਲੋਂ ਤਹਿਸ਼ੁਦਾ ਸਮੇਂ ਸਿਰ ਕੰਮ ਮੁਕੰਮਲ ਨਹੀਂ ਕੀਤੇ ਗਏ ਉਹਨਾਂ ਬਾਰੇ ਬਣਦੀ ਕਾਰਵਾਈ ਅਰੰਭੀ ਜਾਵੇ ਅਤੇ ਕਮੇਟੀ ਨੂੰ ਸੂਚਿਤ ਕੀਤਾ ਜਾਵੇ। ਪ੍ਰੰਤੂ ਅੱਜ ਦੀ ਮੀਟਿੰਗ ਵਿੱਚ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਮਲ ਨਹੀਂ ਹੋ ਸਕੇ ਇਸ ਲਈ ਫੈਸਲਾ ਹੋਇਆ ਕਿ ਇਸ ਬਾਰੇ ਅਗਲੀ ਮੀਟਿੰਗ ਵਿੱਚ ਰਿਪੋਰਟ ਦਿੱਤੀ ਜਾਵੇ ।
- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/-
ਜ਼ਗਦੀਸ਼ ਰਾਜ ਰਾਜਾ, ਮੇਅਰ
24.7.2020

**ਮਤਾ ਨੰਬਰ:** 108

ਵਿਸ਼ਾ:- Estimate for Civil and Mechanical Repair of 50 MLD STP at Basti Peer Dad (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 41,02,158/- ਟੈਂਡਰ ਅਮਾਊਂਟ ਰੁਪਏ 35,68,877/-

ਕੁੱਲ ਪ੍ਰਾਪਤ ਟੈਂਡਰ- 3 (ਦੂਸਰੀ ਬਾਰੀ) ਸੇਵਿੰਗ 13%

ਅਜੰਸੀ ਦਾ ਨਾਮ:- M/s ECOTECH ENGINEERING CO. LUDHIANA

ਈ.ਪੀ.ਐਫ ਨੰ: LD LDH 1622732000 ESI No. 26000 51272 0000 999

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਬਸਤੀ ਪੀਰ ਦਾਦ ਵਿਖੇ 50 ਐਮ.ਐਲ.ਡੀ ਸੀਵਰੇਜ਼ ਟ੍ਰੀਟਮੇਂਟ ਪਲਾਂਟ ਜ਼ੋ ਕਿ ਸਾਲ 2014 ਵਿੱਚ ਮਹਿਕਮਾਂ ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਜਲੰਧਰ ਵਲੋਂ ਬਣਾਇਆ ਗਿਆ ਸੀ ਅਤੇ ਮਿਤੀ 01.07.2016 ਨੂੰ ਨਗਰ ਨਿਗਮ ਜਲੰਧਰ ਨੂੰ ਹੈਂਡ ਓਵਰ ਕਰ ਦਿੱਤਾ ਗਿਆ ਸੀ। ਇਸ ਪਲਾਂਟ ਦੇ ਇਕਰਾਰਨਾਮੇ ਮੁਤਾਬਿਕ ਅਜੰਸੀ ਵਲੋਂ ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਮ ਮਿਤੀ 30.08.2019 ਤੱਕ ਕੀਤਾ ਜਾਣਾ ਸੀ। ਇਸ ਪਲਾਂਟ ਨੂੰ ਅਗਲੇ 5 ਸਾਲਾਂ ਵਾਸਤੇ ਨਿਰਵਿਘਨ ਚਲਾਉਣ ਲਈ ਨਵੇਂ ਟੈਂਡਰ ਲਗਾਏ ਗਏ ਸਨ, ਜਿਸ ਵਿੱਚ ਦੇਰੀ ਹੋਣ ਕਾਰਨ ਕੰਮ ਕਰ ਰਹੀ ਅਜੰਸੀ ਦੇ ਟਾਇਮ ਦੀ ਐਕਸਟੇਸ਼ਨ ਮਿਤੀ 31.01.2020 ਤੱਕ ਵਿੱਤ ਅਤੇ ਠੇਕਾ ਕਮੇਟੀ ਵਲੋਂ ਕੀਤੀ ਗਈ ਸੀ। ਇਸ ਪਲਾਂਟ ਨੂੰ ਨਵੀਂ ਅਜੰਸੀ ਨੂੰ ਮਿਤੀ 01.02.2020 ਨੂੰ ਹੈਂਡ ਓਵਰ ਕਰ ਦਿੱਤਾ ਗਿਆ ਹੈ। ਹੈਂਡ ਓਵਰ ਕਰਨ ਤੋਂ ਪਹਿਲਾਂ ਦੋਵੇਂ ਠੇਕੇਦਾਰਾਂ ਵਲੋਂ ਇੱਕ ਜੁਆਇੰਟ ਵਿਜਿਟ ਕੀਤੀ ਗਈ ਸੀ, ਜਿਸ ਵਿੱਚ ਪਲਾਂਟ ਵਿੱਚ ਕਾਫੀ ਕਮੀਆਂ ਪਾਈਆਂ ਗਈਆਂ ਸੀ, ਪਰੰਤੂ ਪੁਰਾਣੇ ਠੇਕੇਦਾਰ ਵਲੋਂ ਪਲਾਂਟ ਨੂੰ ਬਿਨ੍ਹਾਂ ਰਿਪੇਅਰ ਕਰਵਾਏ ਹੀ ਹੈਂਡ ਓਵਰ ਕਰ ਦਿੱਤਾ ਗਿਆ ਹੈ। ਪੁਰਾਣੇ ਖਤਮ ਹੋਏ ਕੰਟਰੈਕਟ ਦੀ ਡੀ.ਐਨ.ਆਈ.ਟੀ ਅਤੇ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਇਸ ਪਲਾਂਟ ਨੂੰ ਸਹੀ ਤਰੀਕੇ ਨਾਲ ਚਾਲੂ ਕਰਨ ਲਈ ਲੋੜੀਂਦੀ ਰਿਪੇਅਰ ਕਰਾਉਣ ਦਾ ਕੰਮ ਨਗਰ ਨਿਗਮ ਵਲੋਂ ਕਰਵਾਇਆ ਜਾਣਾ ਹੈ। ਇਸ ਲਈ ਪਲਾਂਟ ਦੀ Civil and Mechanical Repair ਵਾਸਤੇ ਤਖਮੀਨਾ ਰੁਪਏ 41,02,158/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਇਸ ਰਿਪੇਅਰ ਦੇ ਖਰਚੇ ਦੀ ਕਟੌਤੀ ਪੁਰਾਣੇ ਠੇਕੇਦਾਰ ਮੈਸ ਗੋਂਦਵਾਨਾ ਇੰਜੀਨੀਅਰ, ਨਾਗਪੁਰ ਦੇ ਫਾਇਨਲ ਬਿਲ ਵਿੱਚੋਂ ਕੀਤੀ ਜਾਵੇਗੀ। ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਮਾਨਯੋਗ ਐਨ.ਜੀ.ਟੀ ਵਲੋਂ ਬਣਾਈ ਗਈ ਮੋਨੀਟਰਿੰਗ ਕਮੇਟੀ ਵਲੋਂ ਇਸ ਪਲਾਂਟ ਦੀ ਨਿਗਰਾਨੀ ਕੀਤੀ ਜਾ ਰਹੀ ਹੈ, ਇਸ ਲਈ ਇਸ ਪਲਾਂਟ ਨੂੰ ਰਿਪੇਅਰ ਕਰਵਾਉਣਾਂ ਅਤਿ ਜਰੂਰੀ ਹੈ ਤਾਂ ਜ਼ੋ ਮੋਨੀਟਰਿੰਗ ਕਮੇਟੀ ਦੀ ਅਗਲੀ ਵਿਜਿਟ ਆਉਣ ਤੋਂ ਪਹਿਲਾਂ ਇਸ ਪਲਾਂਟ ਨੂੰ ਰਿਪੇਅਰ ਕਰਵਾਇਆ ਜਾ ਸਕੇ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਪਲਾਟ ਦੀ ਰਿਪੇਅਰ ਕਰਵਾਉਣ ਵਾਸਤੇ ਤਖਮੀਨਾ ਰੁਪਏ 41,02,158/- ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨ ਐਂਟੀਸਿਪੇਸ਼ਟ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 12.05.2020 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 11.06.2020 ਲਈ ਮੰਗੇ ਗਏ ਸਨ, ਪਰੰਤੂ ਇਕ ਟੈਂਡਰ ਪ੍ਰਾਪਤ ਹੋਇਆ, ਜ਼ੋ ਕਿ ਸਰਕਾਰ ਦੀ ਨੋਟੀਫਿਕੇਸ਼ਨ ਅਤੇ ਐਸ.ਓ.ਪੀ ਦੀ ਕੰਡੀਸ਼ਨਜ਼ ਅਨੁਸਾਰ ਇਹਨਾਂ ਟੈਂਡਰਾਂ ਨੂੰ ਰਿ ਕਾਲ ਕੀਤਾ ਗਿਆ।

ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 01.07.2020 ਲਈ ਮੰਗੇ ਗਏ ਸਨ, ਕੁੱਲ 3 ਈ-ਟੈਂਡਰ ਪ੍ਰਾਪਤ ਹੋਏ। ਇਹਨਾ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਟੈਕਨੀਕਲ ਇਵੈਲੂਏਸ਼ਨ ਟੀਮ ਵੱਲੋਂ ਘੋਖਣ ਉਪਰੰਤ 2 ਅਜੰਸੀਆਂ ਮੈਸਰਜ਼ LAKHVIR ELECTRIC & ENGG. WORKS DISTT SBS NAGAR ਅਤੇ ਮੈਸਰਜ਼ LORD KRISHNA ENTERPRISES, LUDHIANA ਦੀਆਂ ਤਕਨੀਕੀ ਬਿਡਾਂ ਮਿਆਰ ਪਖੋ ਪੂਰੀਆਂ ਨਾ ਹੋਣ ਕਾਰਨ ਇਹਨਾ ਦੋਵੇ ਅਜੰਸੀਆਂ ਦੀਆਂ ਤਕਨੀਕੀ ਬਿਡਾਂ ਡਿਸਕੁਆਲੀਫਾਈ ਕਰ ਦਿੱਤੀਆਂ ਗਈਆਂ। ਕੇਵਲ ਇਕੋ ਅਜੰਸੀ M/s ECOTECH ENGINEERING CO. LUDHIANA ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਹੋਣ ਤੇ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦੇ ਰੇਟ ਸਭ ਤੋ ਘੱਟ ਪਾਏ ਗਏ। ਇਹ ਅਜੰਸੀ 13% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 41,02,158/- ਦੇ ਵਿਰੁੱਧ ਰੁਪਏ 35,68,877/- ਵਿੱਚ ਕਰੇਗੀ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 6.7.2020 ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 6.7.2020 ਰਾਹੀਂ ਲਿਖਿਆ ਹੈ ਕਿ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਅੰਤਿਮ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.7.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰ ਵਟਾਂਦਰੇ ਦੋਰਾਣ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੇ ਕਿਹਾ ਕਿ ਇਸ ਕੰਮ ਦੇ ਟੈਂਡਰ ਲੇਟ ਕਿਉਂ ਲਗਾਏ ਗਏ ਅਤੇ ਪੁਰਾਣੇ ਠੇਕੇਦਾਰਾਂ ਨੂੰ ਹੀ ਪੰਜ-ਪੰਜ ਮਹੀਨਿਆਂ ਦਾ ਵਾਧਾ ਦਿੱਤਾ ਗਿਆ ਹੈ ਜ਼ੋ ਕਿ ਗਲਤ ਹੈ । ਇਸ ਤੇ ਕਮਿਸ਼ਨਰ ਜੀ ਨੇ ਜਵਾਬ ਦਿੱਤਾ ਕਿ ਕੁਝ ਕੰਮ ਅਜਿਹੇ ਹੁੰਦੇ ਹਨ ਜਿਹਨਾਂ ਦੇ ਤਖ਼ਮੀਨੇ ਚੰਡੀਗੜ੍ਹ ਹੈਡ ਆਫਿਸ ਤੋਂ ਵੈਟ ਕਰਵਾਉਣੇ ਪੈਂਦੇ ਹਨ ਪ੍ਰੰਤੂ ਫਿਰ ਵੀ ਉਹਨਾਂ ਵਲੋਂ ਸਾਰੇ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਕਿ ਕੋਈ ਵੀ ਮੇਨਟੀਨੈਂਸ ਦੇ ਕੰਮ ਹੋਣ ਉਹਨਾਂ ਦੇ ਨਵੇਂ ਤਖ਼ਮੀਨੇ ਪੁਰਾਣੇ ਕੰਮ ਖ਼ਤਮ ਹੋਣ ਤੋਂ ਪਹਿਲਾਂ ਪਹਿਲਾਂ ਪਾਸ ਕਰਵਾਕੇ ਟੈਂਡਰ ਆਦਿ ਦੀ ਪ੍ਰਕ੍ਰਿਆ ਅਰੰਭ ਲਈ ਜਾਵੇ ।ਇਸ ਉਪਰੰਤ ਫੈਸਲਾ ਹੋਇਆ ਕਿ ਹਾਲ ਦੀ ਘੜੀ ਇਸ ਮੱਦ ਨੂੰ ਲੰਬਿਤ ਰੱਖਿਆ ਜਾਂਦਾ ਹੈ ਅਤੇ ਇਹ ਮਿਸਲ ਘੋਖਣ ਹਿਤ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਕਮੇਟੀ ਨੂੰ ਪੇਸ਼ ਕੀਤੀ ਜਾਵੇ।

ਸਹੀ/-

ਜ਼ਗਦੀਸ਼ ਰਾਜ ਰਾਜਾ, ਮੇਅਰ

24.7.2020

**ਮਤਾ ਨੰਬਰ:** 109

ਵਿਸ਼ਾ:- Estimate for Electrical and Instrumentation repair of 50 MLD STP at Basti Peer Dad (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 47,29,395/- ਟੈਂਡਰ ਅਮਾਉਂਟ ਰੁਪਏ 41,14,573/-

ਕੁੱਲ ਪ੍ਰਾਪਤ ਟੈਂਡਰ- 2 (ਦੂਸਰੀ ਬਾਰੀ) ਸੇਵਿੰਗ 13%

ਅਜੰਸੀ ਦਾ ਨਾਮ:- M/s ECOTECH ENGINEERING CO. LUDHIANA

ਈ.ਪੀ.ਐਫ ਨੰ: LD LDH 1622732000 ESI No. 26000 51272 0000 999

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਬਸਤੀ ਪੀਰ ਦਾਦ ਵਿਖੇ 50 ਐਮ.ਐਲ.ਡੀ ਸੀਵਰੇਜ਼ ਟ੍ਰੀਟਮੇਂਟ ਪਲਾਂਟ ਜੋ ਕਿ ਸਾਲ 2014 ਵਿੱਚ ਮਹਿਕਮਾਂ ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਜਲੰਧਰ ਵਲੋਂ ਬਣਾਇਆ ਗਿਆ ਸੀ ਅਤੇ ਮਿਤੀ 01.07.2016 ਨੂੰ ਨਗਰ ਨਿਗਮ ਜਲੰਧਰ ਨੂੰ ਹੈਂਡ ਓਵਰ ਕਰ ਦਿੱਤਾ ਗਿਆ ਸੀ। ਇਸ ਪਲਾਂਟ ਦੇ ਇਕਰਾਰਨਾਮੇ ਮੁਤਾਬਿਕ ਅਜੰਸੀ ਵਲੋਂ ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਮ ਮਿਤੀ 30.08.2019 ਤੱਕ ਕੀਤਾ ਜਾਣਾ ਸੀ। ਇਸ ਪਲਾਂਟ ਨੂੰ ਅਗਲੇ 5 ਸਾਲਾਂ ਵਾਸਤੇ ਨਿਰਵਿਘਨ ਚਲਾਉਣ ਲਈ ਨਵੇਂ ਟੈਂਡਰ ਲਗਾਏ ਗਏ ਸਨ, ਜਿਸ ਵਿੱਚ ਦੇਰੀ ਹੋਣ ਕਾਰਨ ਕੰਮ ਕਰ ਰਹੀ ਅਜੰਸੀ ਦੇ ਟਾਇਮ ਦੀ ਐਕਸਟੇਸ਼ਨ ਮਿਤੀ 31.01.2020 ਤੱਕ ਵਿੱਤ ਅਤੇ ਠੇਕਾ ਕਮੇਟੀ ਵਲੋਂ ਕੀਤੀ ਗਈ ਸੀ। ਇਸ ਪਲਾਂਟ ਨੂੰ ਨਵੀਂ ਅਜੰਸੀ ਨੂੰ ਮਿਤੀ 01.02.2020 ਨੂੰ ਹੈਂਡ ਓਵਰ ਕਰ ਦਿੱਤਾ ਗਿਆ ਹੈ। ਹੈਂਡ ਓਵਰ ਕਰਨ ਤੋਂ ਪਹਿਲਾਂ ਦੋਵੇਂ ਠੇਕੇਦਾਰਾਂ ਵਲੋਂ ਇੱਕ ਜੁਆਇੰਟ ਵਿਜਿਟ ਕੀਤੀ ਗਈ ਸੀ, ਜਿਸ ਵਿੱਚ ਪਲਾਂਟ ਵਿੱਚ ਕਾਫੀ ਕਮੀਆਂ ਪਾਈਆਂ ਗਈਆਂ ਸੀ, ਪਰੰਤੂ ਪੁਰਾਣੇ ਠੇਕੇਦਾਰ ਵਲੋਂ ਪਲਾਂਟ ਨੂੰ ਬਿਨ੍ਹਾਂ ਰਿਪੇਅਰ ਕਰਵਾਏ ਹੀ ਹੈਂਡ ਓਵਰ ਕਰ ਦਿੱਤਾ ਗਿਆ ਹੈ। ਪੁਰਾਣੇ ਖਤਮ ਹੋਏ ਕੰਟਰੈਕਟ ਦੀ ਡੀ.ਐਨ.ਆਈ.ਟੀ ਅਤੇ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਇਸ ਪਲਾਂਟ ਨੂੰ ਸਹੀ ਤਰੀਕੇ ਨਾਲ ਚਾਲੂ ਕਰਨ ਲਈ ਲੋੜੀਂਦੀ ਰਿਪੇਅਰ ਕਰਾਉਣ ਦਾ ਕੰਮ ਨਗਰ ਨਿਗਮ ਵਲੋਂ ਕਰਵਾਇਆ ਜਾਣਾ ਹੈ। ਇਸ ਲਈ ਪਲਾਂਟ ਦੀ Electrical and Instrumentation Repair ਵਾਸਤੇ ਤਖਮੀਨਾ ਰੁਪਏ 47,29,395/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਇਸ ਰਿਪੇਅਰ ਦੇ ਖਰਚੇ ਦੀ ਕਟੌਤੀ ਪੁਰਾਣੇ ਠੇਕੇਦਾਰ ਮੈਸ ਗੋਂਦਵਾਨਾ ਇੰਜੀਨੀਅਰ, ਨਾਗਪੁਰ ਦੇ ਫਾਇਨਲ ਬਿਲ ਵਿੱਚੋਂ ਕੀਤੀ ਜਾਵੇਗੀ। ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਮਾਨਯੋਗ ਐਨ.ਜੀ.ਟੀ ਵਲੋਂ ਬਣਾਈ ਗਈ ਮੋਨੀਟਰਿੰਗ ਕਮੇਟੀ ਵਲੋਂ ਇਸ ਪਲਾਂਟ ਦੀ ਨਿਗਰਾਨੀ ਕੀਤੀ ਜਾ ਰਹੀ ਹੈ, ਇਸ ਲਈ ਇਸ ਪਲਾਂਟ ਨੂੰ ਰਿਪੇਅਰ ਕਰਵਾਉਣਾਂ ਅਤਿ ਜਰੂਰੀ ਹੈ ਤਾਂ ਜੋ ਮੋਨੀਟਰਿੰਗ ਕਮੇਟੀ ਦੀ ਅਗਲੀ ਵਿਜਿਟ ਆਉਣ ਤੋਂ ਪਹਿਲਾਂ ਇਸ ਪਲਾਂਟ ਨੂੰ ਰਿਪੇਅਰ ਕਰਵਾਇਆ ਜਾ ਸਕੇ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਪਲਾਟ ਦੀ ਰਿਪੇਅਰ ਕਰਵਾਉਣ ਵਾਸਤੇ ਤਖਮੀਨਾ ਰੁਪਏ 47,29,395/- ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨ ਐਂਟੀਸਿਪੇਸ਼ਟ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 12.05.2020 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 11.06.2020 ਲਈ ਮੰਗੇ ਗਏ ਸਨ, ਪਰੰਤੂ ਇਕ ਟੈਂਡਰ ਪ੍ਰਾਪਤ ਹੋਇਆ, ਜੋ ਕਿ ਸਰਕਾਰ ਦੀ ਨੋਟੀਫਿਕੇਸ਼ਨ ਅਤੇ ਐਸ.ਓ.ਪੀ ਦੀ ਕੰਡੀਸ਼ਨਜ਼ ਅਨੁਸਾਰ ਇਹਨਾਂ ਟੈਂਡਰਾਂ ਨੂੰ ਰਿ ਕਾਲ ਕੀਤਾ ਗਿਆ।

ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 01.07.2020 ਲਈ ਮੰਗੇ ਗਏ ਸਨ, ਕੁੱਲ 2 ਈ-ਟੈਂਡਰ ਪ੍ਰਾਪਤ ਹੋਏ। ਇਥੇ ਇਹ ਦਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 5/82/2018-2lg4/702 dt 01.04.2020 ਰਾਹੀਂ Amendment in SOP for execution of all types of Works ਵਿੱਚ ਸੋਧ ਕੀਤੀ ਗਈ, ਜਿਸ ਅਨੁਸਾਰ

"As per Point no 5.4 on Sr. no 5 on 2nd Attempt of Calling Tenders, the Financial bids shall be opened in case,even if, less than 3 valid Technical bids are again received" ਹੁਕਮ ਜਾਰੀ ਕੀਤੇ ਗਏ। ਇਸ ਨੋਟੀਫਿਕੇਸ਼ਨ ਅਨੁਸਾਰ ਇਸ ਟੈਂਡਰ ਦੀ ਤਕਨੀਕੀ ਬਿਡਾਂ ਟੈਕਨੀਕਲ ਇਵੈਲੁਏਸ਼ਨ ਟੀਮ ਵੱਲੋਂ ਘੋਖਣ ਉਪਰੰਤ 1 ਅਜੰਸੀ ਮੈਸਰਜ਼ LAKHVIR ELECTRIC & ENGG. WORKS DISTT SBS NAGAR ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਨਾ ਹੋਣ ਕਾਰਨ ਇਸ ਅਜੰਸੀ ਦੀ ਤਕਨੀਕੀ ਬਿਡ ਨੂੰ ਡਿਸਕੁਆਲੀਫਾਈ ਕਰ ਦਿੱਤਾ ਗਿਆ। ਕੇਵਲ ਇਕੋ ਅਜੰਸੀ M/s ECOTECH ENGINEERING CO. LUDHIANA ਦੀ ਤਕਨੀਕੀ ਬਿਡ ਮਿਆਰ ਪਖੋਂ ਪੂਰੀ ਹੋਣ ਤੇ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦੇ ਰੇਟ ਸਬ ਤੋ ਘੱਟ ਪਾਏ ਗਏ। ਇਹ ਅਜੰਸੀ 13% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 47,29,395/- ਦੇ ਵਿਰੁੱਧ ਰੁਪਏ 41,14,573/- ਵਿੱਚ ਕਰੇਗੀ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 6.7.2020 ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 6.7.2020 ਰਾਹੀਂ ਲਿਖਿਆ ਹੈ ਕਿ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਅੰਤਿਮ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.7.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ :

ਵਿਚਾਰ ਵਟਾਂਦਰੇ ਦੋਰਾਣ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੇ ਕਿਹਾ ਕਿ ਇਸ ਕੰਮ ਦੇ ਟੈਂਡਰ ਲੇਟ ਕਿਉਂ ਲਗਾਏ ਗਏ ਅਤੇ ਪੁਰਾਣੇ ਠੇਕੇਦਾਰਾਂ ਨੂੰ ਹੀ ਪੰਜ-ਪੰਜ ਮਹੀਨਿਆਂ ਦਾ ਵਾਧਾ ਦਿੱਤਾ ਗਿਆ ਹੈ ਜੋ ਕਿ ਗਲਤ ਹੈ । ਇਸ ਤੇ ਕਮਿਸ਼ਨਰ ਜੀ ਨੇ ਜਵਾਬ ਦਿੱਤਾ ਕਿ ਕੁਝ ਕੰਮ ਅਜਿਹੇ ਹੁੰਦੇ ਹਨ ਜਿਹਨਾਂ ਦੇ ਤਖ਼ਮੀਨੇ ਚੰਡੀਗੜ੍ਹ ਹੈਡ ਆਫਿਸ ਤੋਂ ਵੈਟ ਕਰਵਾਉਣੇ ਪੈਂਦੇ ਹਨ ਪ੍ਰੰਤੂ ਫਿਰ ਵੀ ਉਹਨਾਂ ਵਲੋਂ ਸਾਰੇ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਕਿ ਕੋਈ ਵੀ ਮੇਨਟੀਨੈਂਸ ਦੇ ਕੰਮ ਹੋਣ ਉਹਨਾਂ ਦੇ ਨਵੇਂ ਤਖ਼ਮੀਨੇ ਪੁਰਾਣੇ ਕੰਮ ਖ਼ਤਮ ਹੋਣ ਤੋਂ ਪਹਿਲਾਂ ਪਹਿਲਾਂ ਪਾਸ ਕਰਵਾਕੇ ਟੈਂਡਰ ਆਦਿ ਦੀ ਪ੍ਰਕ੍ਰਿਆ ਅਰੰਭ ਲਈ ਜਾਵੇ ।ਇਸ ਉਪਰੰਤ ਫੈਸਲਾ ਹੋਇਆ ਕਿ ਹਾਲ ਦੀ ਘੜੀ ਇਸ ਮੱਦ ਨੂੰ ਲੰਬਿਤ ਰੱਖਿਆ ਜਾਂਦਾ ਹੈ ਅਤੇ ਇਹ ਮਿਸਲ ਘੋਖਣ ਹਿਤ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਕਮੇਟੀ ਨੂੰ ਪੇਸ਼ ਕੀਤੀ ਜਾਵੇ।

ਸਹੀ/-
ਜ਼ਗਦੀਸ਼ ਰਾਜ ਰਾਜਾ, ਮੇਅਰ
24.7.2020

**ਮਤਾ ਨੰਬਰ:** 110

ਵਿਸ਼ਾ:- ਵਾਰਡ ਨੰ: 6 ਸਲੋਨੀ ਮਾਤਾ ਮੰਦਿਰ ਵਾਲਾ ਰਿਗ ਬੋਰ ਟਿਊਬਵੈਲ ਦੀ ਸਾਈਟ ਚੇਂਜ ਕਰਕੇ 3 ਸਟਾਰ ਕਲੋਨੀ ਵਾਰਡ ਨੰ: 6 ਵਿਖੇ ਲਗਾਉਣ ਦੀ ਪ੍ਰਵਾਨਗੀ ਬਾਰੇ। ਨਵਾਂ ਵਾਰਡ ਨੰ: 6 (ਸਾਈਟ ਚੇਂਜ ਦੀ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 15,66,462/- ਟੈਂਡਰ ਮੰਗੇ ਰੁਪਏ: 15,66,462/-
ਟੈਂਡਰ ਅਮਾਉਂਟ ਰੁਪਏ: 14,95,971/- ਸੇਵਿੰਗ 4.50%
ਅਜੰਸੀ ਦਾ ਨਾਮ:- ਮੈਸਰਜ਼ Lion Engg. Jal
ਈ.ਪੀ.ਐਫ ਨੰ: LD JAL 1954279000 ESI No. 29000 64051 0000 905

ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 15,66,462/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 94(9) ਮਿਤੀ 25-06-18 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਐਨ.ਆਈ.ਟੀ ਨੰ: 8 ਮਿਤੀ 07.08.19 ਰਾਹੀਂ ਇਸ ਕੰਮ ਦੇ ਠੇਕੇਦਾਰਾਂ ਕੋਲੋਂ ਟੈਂਡਰ ਮਿਤੀ 09.09.19 ਰਾਹੀਂ ਮੰਗੇ ਗਏ, ਸਿਰਫ 3 ਟੈਂਡਰ ਪ੍ਰਾਪਤ ਹੋਏ, ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ, ਜਿਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 153 ਮਿਤੀ 26.09.19 ਰਾਹੀਂ ਦਿੱਤੀ ਸੀ।

ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 3.7.2020 ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 3.7.2020 ਰਾਹੀਂ ਲਿਖਿਆ ਹੈ ਕਿ ਵਾਰਡ ਨੰ: 6 ਦੇ ਕੋਂਸਲਰ ਸ੍ਰੀ ਨਿਰਮਲ ਸਿੰਘ ਨੇ ਅਪਣੇ ਪੱਤਰ ਮਿਤੀ 19.12.19 ਰਾਹੀਂ ਮਾਨਯੋਗ ਮੇਅਰ ਜੀ ਨੂੰ ਲਿਖਿਆ ਹੈ ਕਿ 3 ਸਟਾਰ ਕਲੋਨੀ ਵਾਰਡ ਨੰ: 6 ਦੇ ਨਾਲ ਲਗਦੇ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਘਾਟ ਹੈ। ਇਸ ਲਈ ਹਾਲ ਦੀ ਘੜੀ ਸਲੋਨੀ ਮਾਤਾ ਮੰਦਿਰ ਵਾਰਡ ਨੰ: 6 ਵਾਲਾ ਅਲਾਟ ਟਿਊਬਵੈਲ 3 ਸਟਾਰ ਕਲੋਨੀ ਵਾਰਡ ਨੰ: 6 ਵਿਖੇ ਲਗਵਾ ਦਿੱਤਾ ਜਾਵੇ ਤਾਂ ਜੋ ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਪਾਣੀ ਮੁਹਇਆ ਹੋ ਸਕੇ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਸਲੋਨੀ ਮਾਤਾ ਮੰਦਿਰ ਵਾਰਡ ਨੰ: 6 ਵਾਲਾ ਅਲਾਟ ਟਿਊਬਵੈਲ 3 ਸਟਾਰ ਕਲੋਨੀ ਵਾਰਡ ਨੰ: 6 ਵਿਖੇ ਲਗਾਉਣ ਲਈ ਸਾਈਟ ਚੇਂਜ ਕਰਨ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 10.7.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.7.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ ।

ਸਹੀ/-
ਜ਼ਗਦੀਸ਼ ਰਾਜ ਰਾਜਾ, ਮੇਅਰ
24.7.2020

ਮਤਾ ਨੰਬਰ:- 111

ਵਿਸ਼ਾ:- ਓ.ਐਂਡ.ਐਮ ਸ਼ਾਖਾ ਦੇ ਵੱਖ-ਵੱਖ ਕੰਮਾਂ ਨਾਲ ਸਬੰਧਤ ਤਖਮੀਨਿਆਂ ਦੇ ਟੈਂਡਰਾਂ ਦੀ ਪ੍ਰਵਾਨਗੀ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਓ.ਐਂਡ.ਐਮ ਸ਼ਾਖਾ ਵਲੋਂ ਨਗਰ ਨਿਗਮ ਦੇ ਵੱਖ-ਵੱਖ ਜ਼ੋਨਾਂ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਸਨ, ਜਿਨ੍ਹਾਂ ਨੂੰ ਨਗਰ ਨਿਗਮ ਹਾਊਸ ਵਲੋਂ ਪ੍ਰਵਾਨ ਕਰਨ ਉਪਰੰਤ ਇਨ੍ਹਾਂ ਤਖਮੀਨਿਆਂ ਦੇ ਟੈਂਡਰ ਲਗਾਏ ਗਏ ਸਨ ਅਤੇ ਇਨ੍ਹਾਂ ਦੇ ਟੈਂਡਰ ਪ੍ਰਾਪਤ ਹੋ ਚੁੱਕੇ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Sr. No | W. No. | Name of Work | Estimate Amount | House Reso. | Saving | Tender Amount | Name of Agency | Tender Called (No. of Times) | No. of Tender Received |
|---|---|---|---|---|---|---|---|---|---|
| 1 | ਜ | ਜ਼ੋਨ ਨੰਬਰ 3 ਅਤੇ 4 ਅਧੀਨ ਪੈਂਦੇ ਵੱਖ-ਵੱਖ ਡਿਸਪੋਜਲਾਂ, ਟਰੈਕਟਰ ਮਾਊਂਟੇਡ ਸੱਲਜ ਪੰਪਾਂ, ਵਾਟਰ ਟੈਂਕਰਾਂ, ਵਾਟਰ ਸਪਲਾਈ ਲਾਈਨਾਂ ਦੇ ਐਨ.ਆਰ.ਵੀ, ਸਲੂਸ ਵਾਲਵ, ਸੀਵਰ ਕਲੀਨਿੰਗ ਮਸ਼ੀਨਾਂ ਦੀ ਮਕੈਨੀਕਲ ਰਿਪੇਅਰ ਦਾ ਸਲਾਨਾਂ ਤਖਮੀਨਾਂ | 10,33,550/- | **101(18)** 29-11-19 | 7% | 9,61,201/- | ਮੈਸ: ਫਰੀਮੈਨ ਇੰਜੀਨੀਅਰਜ ਵਰਕਸ | 1 | 3 |
| 2 | ਜ | ਜ਼ੋਨ ਨੰਬਰ 2 ਅਤੇ 7 ਅਧੀਨ ਪੈਂਦੇ ਵੱਖ-ਵੱਖ ਡਿਸਪੋਜਲਾਂ, ਟਰੈਕਟਰ ਮਾਊਂਟੇਡ ਸੱਲਜ ਪੰਪਾਂ, ਵਾਟਰ ਟੈਂਕਰਾਂ, ਵਾਟਰ ਸਪਲਾਈ ਲਾਈਨਾਂ ਦੇ ਐਨ.ਆਰ.ਵੀ, ਸਲੂਸ ਵਾਲਵ, ਸੀਵਰ ਕਲੀਨਿੰਗ ਮਸ਼ੀਨਾਂ ਦੀ ਮਕੈਨੀਕਲ ਰਿਪੇਅਰ ਦਾ ਸਲਾਨਾਂ ਤਖਮੀਨਾਂ | 13,50,685/- | **101(24)** 29-11-19 | 7% | 12,56,137/- | ਮੈਸ: ਫਰੀਮੈਨ ਇੰਜੀਨੀਅਰਜ ਵਰਕਸ | 1 | 3 |
| 3 | ਜ | ਜ਼ੋਨ ਨੰਬਰ 1,5,5-ਏ ਅਤੇ 6 ਅਧੀਨ ਪੈਂਦੇ ਵੱਖ-ਵੱਖ ਡਿਸਪੋਜਲਾਂ, ਟਰੈਕਟਰ ਮਾਊਂਟੇਡ ਸੱਲਜ ਪੰਪਾਂ, ਵਾਟਰ ਟੈਂਕਰਾਂ, ਵਾਟਰ ਸਪਲਾਈ ਲਾਈਨਾਂ ਦੇ ਐਨ.ਆਰ.ਵੀ, ਸਲੂਸ ਵਾਲਵ, ਸੀਵਰ ਕਲੀਨਿੰਗ ਮਸ਼ੀਨਾਂ ਦੀ ਮਕੈਨੀਕਲ ਰਿਪੇਅਰ ਦਾ ਸਲਾਨਾਂ ਤਖਮੀਨਾਂ। | 11,06,870/- | **101(17)** 29-11-19 | 7% | 10,29,389/- | ਮੈਸ: ਫਰੀਮੈਨ ਇੰਜੀਨੀਅਰਜ ਵਰਕਸ | 1 | 3 |
| 4 | ਜ | ਜ਼ੋਨ ਨੰਬਰ 4 ਅਧੀਨ ਪੈਂਦੇ ਵੱਖ-ਵੱਖ ਟਿਊਬਵੈਲਾਂ ਦੀ ਮਕੈਨੀਕਲ ਰਿਪੇਅਰ, ਟਰੈਕਟਰ ਰਿਪੇਅਰ ਅਤੇ ਵਾਟਰ ਸਪਲਾਈ ਦੀ ਮੇਨਟੀਨੈਂਸ ਬਾਰੇ। | 77,681/- | **97(29)** 29-11-19 | 7% | 72,243/- | ਮੈਸ: ਫਰੀਮੈਨ ਇੰਜੀਨੀਅਰਜ ਵਰਕਸ | 1 | 3 |
| 5 | ਜ | ਵੱਖ-ਵੱਖ ਜ਼ੋਨਾਂ ਅਧੀਨ ਪੈਂਦੇ ਡਿਸਪੋਜਲਾਂ ਤੇ ਚੱਲ ਰਹੀਆਂ ਵੱਖ-ਵੱਖ ਹ.ਪ ਅਤੇ ਮੇਕਾਂ ਦੀਆਂ ਹੋਰੀਜੈਂਟਲ ਮੋਟਰਾਂ ਦੀ ਰਿਵਾਇਡਿੰਗ ਅਤੇ ਰਿਪੇਅਰ ਦਾ ਸਾਲਾਨਾਂ ਤਖਮੀਨਾ। | 8,63,442/- | **97(7)** 29-11-19 | 12.60% | 7,54,648/- | ਮੈਸ: ਗੁਰਦੀਪ ਇਲੈਕਟ੍ਰਿਕਲ ਐਂਡਮਕੈਨੀਕਲ ਵਰਕਸ। | 1 | 3 |
| 6 | ਜ | ਵੱਖ-ਵੱਖ ਜ਼ੋਨਾਂ ਅਧੀਨ ਪੈਂਦੇ ਡਿਸਪੋਜਲਾਂ ਤੇ ਚੱਲ ਰਹੀਆਂ ਵੱਖ-ਵੱਖ ਹ.ਪ ਦੀਆਂ ਨਾਨ ਕਲਾਗ ਸਬਮਰਸੀਬਲ ਮੋਟਰਾਂ ਦੀ ਰਿਵਾਇਡਿੰਗ ਅਤੇ ਰਿਪੇਅਰ ਦਾ ਸਾਲਾਨਾਂ ਤਖਮੀਨਾ। | 13,90,925/- | **101(21)** 29-11-19 | 17.51% | 11,47,374/- | ਮੈਸ: ਗੁਰਦੀਪ ਇਲੈਕਟ੍ਰਿਕਲ ਐਂਡਮਕੈਨੀਕਲ ਵਰਕਸ। | 1 | 3 |

ਉਪਰੋਕਤ ਦਰਸ਼ਾਏ ਗਏ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਲੈਣ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਫੈਸਲੇ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਗਈ ਸੀ। ਮਾਨਯੋਗ ਮੇਅਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 06.03.2020 ਰਾਹੀਂ ਆਦੇਸ਼ ਦਿੱਤੇ ਹਨ ਕਿ ਇਨ੍ਹਾਂ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਿਚੋਂ ਲੈਣ ਤੋਂ ਪਹਿਲਾਂ ਵਾਟਰ ਸਪਲਾਈ ਐਡਹਾਕ ਕਮੇਟੀ ਦੀ Opinion ਲਈ ਜਾਵੇ। ਇਸ ਲਈ ਮਾਨਯੋਗ ਮੇਅਰ ਸਾਹਿਬ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਇਹ ਫਾਈਲਾਂ ਵਾਟਰ ਸਪਲਾਈ ਐਡਹਾਕ ਕਮੇਟੀ ਦੀ Opinion ਲੈਣ ਹਿੱਤ ਪੇਸ਼ ਹੈ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 26.6.2020 ਰਾਹੀਂ ਲਿਖਿਆ ਹੈ ਕਿ ਪਿਛਲੀਆਂ ਫਾਇਲਾ ਦੇ ਤਖਮੀਨੇ ਚੇਅਰਮੈਨ ਵਾਟਰ ਸਪਲਾਈ ਐਂਡ ਸੀਵਰੇਜ਼ ਐਡਹਾਕ ਕਮੇਟੀ ਵਲੋਂ ਮੰਗ ਕੀਤੀ ਗਈ ਸੀ ਜ਼ੋਕਿ ਉਹਨਾਂ ਨੂੰ ਚੈਕ ਕਰਵਾ ਦਿੱਤੀਆਂ ਹਨ, ਇਸ ਲਈ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਪ੍ਰਵਾਨਗੀ ਹਿਤ ਭੇਜੇ ਜਾਣ ਜੀ।ਕਮਿਸ਼ਨਰ ਜੀ ਨੇ ਮਿਤੀ 29.6.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 30.6.2020 ਰਾਹੀਂ ਉਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/-

ਜ਼ਗਦੀਸ਼ ਰਾਜ ਰਾਜਾ, ਮੇਅਰ

24.7.2020

ਮਤਾ ਨੰਬਰ:– 112

Subject: Construction of centre composting i/c MRF compost pits near hand tool office under Maqsudan Flyover (Swachh Bharat Grant). Proposal for site change.

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 13.7.2020 ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ The above work is allotted to M/S Hari Construction company vide work order number CE/SBg/2 dated 18.11.2019. Time allotted for this work was 2 months. The work was started at site but was stopped by forest officials due to public opposition. The location where shed was to be constructed is of Forest Department. Area Councillor has requested to transfer the above work to another site due to public opposition and Forest land involvement. Letter pad of councilor is attached in file for site change request. He has purposed that work be transferred to the site backside of flats at Bhagat Singh Colony. Rest of the work will remain the same and the work will be done within same amount as mentioned in the work order amounting to Rs. 44.16 Lakhs. Site plan of the new proposed site is attached in the file. The site change approval needs to be placed under consideration for the F&CC. So, this work is recommended for approval for site change and time extension for 2 months from the date of approval of F&CC. ਕਮਿਸ਼ਨਰ ਜੀ ਨੇ ਮਿਤੀ 14.7.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.7.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਮੇਅਰ ਜੀ ਨੇ ਕਮੇਟੀ ਨੂੰ ਜਾਣੂ ਕਰਵਾਇਆ ਕਿ ਸਬੰਧਤ ਕੌਂਸਲਰ ਵਲੋਂ ਉਹਨਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਲੋਕਾਂ ਵਲੋਂ ਇਸ ਤਜ਼ਵੀਜ਼ ਦਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਲੋਕ ਹਿੱਤ ਵਿੱਚ ਹਾਲ ਦੀ ਘੜੀ ਇਸ ਤਜ਼ਵੀਜ਼ ਨੂੰ ਲੰਬਿਤ ਕਰ ਦਿੱਤਾ ਜਾਵੇ ਜਿਸ ਤੇ ਫੈਸਲਾ ਹੋਇਆ ਕਿ ਹਾਲ ਦੀ ਘੜੀ ਇਸ ਤਜ਼ਵੀਜ਼ ਨੂੰ ਲੰਬਿਤ ਕੀਤਾ ਜਾਂਦਾ ਹੈ ।

ਸਹੀ/–

ਜ਼ਗਦੀਸ਼ ਰਾਜ ਰਾਜਾ, ਮੇਅਰ

24.7.2020

ਮਤਾ ਨੰਬਰ:- 113

Subject :- Construction of Center composting i/c compost pit, MRF and boundary near Leader Factory (Swachh Bharat Grant). **Proposal for site change.**

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 13.7.2020 ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ The tender of above work was called and have been received and the lowest bid received is of Sh. Vikas Dhawan. Area Councilor have requested to transfer the above work to another site as sump is to be constructed at above site for storm water. Letter paid of councilor is attached in the file for site change request. He has proposed that work be transferred to site at Beant Singh Park near Petrol pump adjacent to NH-1. Rest of the work will remain the same and the work will be done within same amount as mentioned in the tender with NIT No. SE(B&R)/NIT-631 dt. 1.01.2020 amounting to Rs. 44.15 lakhs. Site plan of the new proposed site is attached in the file. The site change approval needs to be placed under consideration for F&CC. So this work is recommended for approval for site change and acceptance at the F&CC level. ਕਮਿਸ਼ਨਰ ਜੀ ਨੇ ਮਿਤੀ 14.7.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.7.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ ।

ਸਹੀ/-

ਜ਼ਗਦੀਸ਼ ਰਾਜ ਰਾਜਾ, ਮੇਅਰ

24.7.2020

ਮਤਾ ਨੰਬਰ:- 114
ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|---|
| 1 | 48 | P/L Thermoplastic Paint and Cat Eye | 42.27 | 42.27 | 24.99% | 31.71 | The Bhagwati Co.op L/C Society | 2nd | 2 | 100 (16) dt. 29.11.2019 |
| 2 | 10 | P/L Interlocking Tiles in Village Dhilwan | 23.88 | 23.88 | 22.99% | 18.39 | The Suraj Co.op L/C Society | 1st | 4 | Anticipation dt. 23.3.2020 |
| 3 | Gen | P/L 60mm thick Interlocking tiles on MC Land Near Maqsudan Chowk | 12.98 | 12.98 | 13.12% | 11.28 | The Kundal Co.op L/C Society | 1st | 4 | Anticipation dt. 24.2.2020 |
| 4 | 8 | P/L Interlocking Tiles in Moti Bagh | 23.65 | 23.65 | 8.25% | 21.70 | Sh. Vipan Jain | 2nd | 1 | 81(CL-12) dt. 29.11.2019 |
| 5 | 62 | Const. of CC streets in Kot Baba Deep Singh Nagar | 16.12 | 16.12 | 7.65% | 14.89 | Punjab Engg. Co.op L/C Society | 2nd | 1 | 142(107) dt. 24.12.2019 |
| 6 | 54 | Const. of CC streets in Mohalla Phagwara Gate | 4.80 | 4.80 | 5.51% | 4.54 | Joginder Enterprises | 2nd | 2 | 97(26) dt. 25.6.2018 |
| 7 | 54 | Const. of CC flooring in Quazi Mohalla | 7.56 | 7.56 | 4.99% | 7.18 | Joginder Enterprises | 2nd | 1 | 97(29) dt. 25.6.2018 |
| 8 | 62 | Laying CC on sides of Sidh Mohalla (Sodal Nagar) | 8.52 | 8.52 | 3.76% | 8.21 | The Punjab Engg. Co.op L/C Society | 2nd | 1 | 97(54) dt. 25.6.2018 |
| 9 | 8 | P/L Interlocking Tiles in Kabir Avenue | 16.51 | 16.51 | 0.50% | 16.43 | The Adhi Co.op L/C Society | 2nd | 1 | 81(CL-07) dt. 29.11.2019 |

ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/-
ਜ਼ਗਦੀਸ਼ ਰਾਜ ਰਾਜਾ, ਮੇਅਰ
24.7.2020

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 115 ਤੋਂ 119 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ।

ਸਹੀ/-
ਜ਼ਗਦੀਸ਼ ਰਾਜ ਰਾਜਾ, ਮੇਅਰ
24.7.2020

ਮਤਾ ਨੰਬਰ:- 115
ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|---|
| 1 | Gen | P/L SDBC on Tanda Road (KMV College Road) from Mex Chowk to Pathankot Chowk. | 78.07 | 78.07 | 4.90% | 74.24 | Bhushan Chhura & Co. | 3 | 2 | 80(04) dt. 29.11.2019 |
| 2 | 69 | Const. of Different CC streets at Arya Nagar, Kabir Nagar, Gali No. 2,5,6 in ward No. 69 (UEIP-II Grant) | 65.64 | 65.64 | 8.85% | 59.75 | Tarvinderpal Singh | 1 | 3 | Anticipation dt. 12.6.2020 |
| 3 | 47 | Const. of CC internal Roads Both sides at J.P. Nagar. | 24.40 | 24.40 | 15.66% | 20.58 | The Suraj Co.op. L/c society | 1 | 4 | 100(31) dt. 29.11.2019 |

ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/-
ਜ਼ਗਦੀਸ਼ ਰਾਜ ਰਾਜਾ, ਮੇਅਰ
24.7.2020

ਮਤਾ ਨੰਬਰ:- 116

ਵਿਸ਼ਾ:- ਪੀ/ਐਫ ਇੰਟਰਲੋਕਿੰਗ ਟਾਇਲਜ ਇੰਨ ਰਾਜਾ ਸਾਹਿਬ ਟੂ ਏਕਤਾ ਨਗਰ ਦੇ ਕੰਮ ਵਿੱਚ 25% ਦਾ ਵਾਧਾ ਕਰਨ ਸਬੰਧੀ। (ਵਿੱਤ ਅਤੇ ਠੇਕਾ ਕਮੇਟੀ ਦੇ ਲੰਬਿਤ ਮਤਾ ਨੰ:96, ਮਿਤੀ:06.07.2020)

ਕੰਮ ਦਾ ਵੈਟਿਡ ਤਖਮੀਨਾ-27.17 ਲੱਖ ਟੈਂਡਰ ਅਮਾਉਟ - 21.70 ਲੱਖ ਸੇਵਿੰਗ - 20.10 %

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਮਿਤੀ 23.7.2020 ਜਿਸ ਦੀ ਸ੍ਰਿਫਾਰਸ਼ ਸਹਾਇਕ ਇੰਜੀਨੀਅਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਰਾਜਾ ਸਾਹਿਬ ਤੋਂ ਲੈ ਕੇ ਏਕਤਾ ਨਗਰ ਵਾਰਡ ਨੰ:13 ਵਿੱਚ ਇੰਟਰਲਾਕਿੰਗ ਟਾਈਲਜ ਦਾ ਕੰਮ ਏਜੰਸੀ ਦੀ ਕੁੰਡਲ ਕੋ:ਅਪ.ਐਲ.ਸੀ ਸੋਸਾਇਟੀ ਵੱਲੋਂ ਕੀਤਾ ਜਾ ਰਿਹਾ ਹੈ।ਕੰਮ ਮੌਕੇ ਉੱਪਰ ਲਗਭਗ ਪੂਰਾ ਹੋਣ ਵਾਲਾ ਹੈ।ਪਰ ਇਲਾਕਾ ਕੌਸਲਰ ਸ਼੍ਰੀਮਤੀ ਬਿਮਲਾ ਰਾਣੀ ਜੀ ਨੇ ਆਪਣੇ ਪੱਤਰ ਨੰ:405 ਵਿੱਚ ਮਾਨਯੋਗ ਮੇਅਰ ਸਾਹਿਬ ਜੀ ਨੂੰ ਬੇਨਤੀ ਕੀਤੀ ਹੈ ਕਿ ਚੱਲ ਰਿਹਾ ਕੰਮ ਵਿੱਚ 25% ਦਾ ਵਾਧਾ ਕੀਤਾ ਜਾਵੇ। ਇਸਦਾ ਰਿਵਾਇਜਡ ਤਖਮੀਨਾ ਤਿਆਰ ਕਰ ਦਿੱਤਾ ਗਿਆ ਹੈ ਜ਼ੋ ਕਿ 33.96 ਲੱਖ ਦਾ ਬਣਿਆ ਹੈ ਜ਼ੋ ਕਿ ਮੂਲ ਵੈਟਿਡ ਤਖਮੀਨੇ ਤੋਂ **24.99%** ਵੱਧ ਹੈ।ਕੌਂਸਲਰ ਸਾਹਿਬ ਜੀ ਵੇਲੇ ਜਿਹੜੀਆਂ ਗਲੀਆਂ ਤਿਆਰ ਕਰਨੀਆਂ ਹੈ ਉਸਦਾ ਮੈਪ ਮਿਸਲ ਵਿੱਚ ਨੱਥੀ ਕਰ ਦਿੱਤਾ ਗਿਆ ਅਤੇ ਇਹ ਗੱਲੀਆਂ 5 ਸਾਲ ਤੋਂ ਵੱਧ ਸਮੇਂ ਤੋਂ ਪਹਿਲਾਂ ਦੀਆਂ ਬਣੀਆ ਹੋਇਆ ਹਨ।ਇਸ ਤਖਮੀਨੇ ਵਿੱਚ **24.99%** ਦਾ ਵਾਧਾ ਕਰਨ ਲਈ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਭੇਜਿਆ ਜਾਵੇ ਅਤੇ ਠੇਕੇਦਾਰ ਨੂੰ ਇਹ ਕੰਮ ਕਰਨ ਲਈ 2 ਮਹੀਨੇ ਦਾ ਸਮਾਂ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ। ਇਸ ਕੰਮ ਦੀ ਪਹਿਲੇ ਚਲਤ ਬਿੱਲ ਦੀ ਫੋਟੋ ਕਾਪੀ ਮਿਸਲ ਨਾਲ ਨੱਥੀ ਹੈ। ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਮਿਤੀ 24.7.2020 ਰਾਹੀਂ ਕੰਮ ਦੇ ਤਖਮੀਨੇ ਵਿਚ ਵਾਧਾ ਕਰਨ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਮਿਤੀ 24.7.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/-

ਜ਼ਗਦੀਸ਼ ਰਾਜ ਰਾਜਾ, ਮੇਅਰ

24.7.2020

ਮਤਾ ਨੰਬਰ:- 117

ਵਿਸ਼ਾ:- ਪੀ/ਐਫ ਇੰਟਰਲੋਕਿੰਗ ਟਾਇਲਜ 60 ਐਮ ਐਮ ਥਿਕ ਇਨ ਬੇਅੰਤ ਨਗਰ ਪਾਰਟ-2 ਇਨ ਵਾਰਡ ਨੰ:9 ਵਿੱਚ 25% ਵਾਧਾ ਕਰਨ ਸਬੰਧੀ। (ਵਿੱਤ ਅਤੇ ਠੇਕਾ ਕਮੇਟੀ ਦੇ ਲੰਬਿਤ ਮਤਾ ਨੰ:97, ਮਿਤੀ:06.07.2020)

ਕੰਮ ਦਾ ਵੈਟਿਡ ਤਖਮੀਨਾ-42.14 ਲੱਖ ਟੈਂਡਰ ਅਮਾਊਟ - 34.14 ਲੱਖ ਸੇਵਿੰਗ - 18.99 %

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਮਿਤੀ 23.7.2020 ਜਿਸ ਦੀ ਸਿਫ਼ਾਰਸ਼ ਸਹਾਇਕ ਇੰਜੀਨੀਅਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਬੇਅੰਤ ਨਗਰ ਵਾਰਡ ਨੰ:13 ਵਿੱਚ ਇੰਟਰਲਾਕਿੰਗ ਟਾਈਲਜ ਦਾ ਕੰਮ ਏਜੰਸੀ ਮੈ: ਐਸ.ਐਸ. ਇੰਜੀਨਿਅਰ ਐਂਡ ਬਿਲਡਰਸ ਵੱਲੋਂ ਕੀਤਾ ਜਾ ਰਿਹਾ ਹੈ।ਕੰਮ ਮੌਕੇ ਉੱਪਰ ਲਗਭਗ ਪੂਰਾ ਹੋਣ ਵਾਲਾ ਹੈ।ਪਰ ਇਲਾਕਾ ਕੌਂਸਲਰ ਸ਼੍ਰੀਮਤੀ ਬਿਮਲਾ ਰਾਣੀ ਜੀ ਨੇ ਆਪਣੇ ਪੱਤਰ ਨੰ:404 ਵਿੱਚ ਮਾਨਯੋਗ ਮੇਅਰ ਸਾਹਿਬ ਜੀ ਨੂੰ ਬੇਨਤੀ ਕੀਤੀ ਹੈ ਕਿ ਚੱਲ ਰਿਹਾ ਕੰਮ ਵਿੱਚ 25% ਦਾ ਵਾਧਾ ਕੀਤਾ ਜਾਵੇ।ਇਸਦਾ ਰਿਵਾਇਜਡ ਤਖਮੀਨਾ ਤਿਆਰ ਕਰ ਦਿੱਤਾ ਗਿਆ ਹੈ ਜ਼ੋ ਕਿ 52.66 ਲੱਖ ਦਾ ਬਣਿਆ ਹੈ ਜਿਸ ਦੀ ਕਾਪੀ ਮਿਸਲ ਵਿੱਚ ਨੱਥੀ ਹੈ ਜ਼ੋ ਕਿ ਮੂਲ ਵੈਟਿਡ ਤਖਮੀਨੇ ਤੋਂ 24.96% ਵੱਧ ਹੈ।ਕੌਂਸਲਰ ਸਾਹਿਬ ਜੀ ਵੇਲੇ ਜਿਹੜੀਆਂ ਗਲੀਆਂ ਤਿਆਰ ਕਰਨੀਆਂ ਹੈ ਉਸਦਾ ਮੈਪ ਮਿਸਲ ਵਿੱਚ ਨੱਥੀ ਕਰ ਦਿੱਤਾ ਗਿਆ ਅਤੇ ਇਹ ਗੱਲੀਆਂ 5 ਸਾਲ ਤੋਂ ਵੱਧ ਸਮੇਂ ਤੋਂ ਪਹਿਲਾਂ ਦੀਆਂ ਬਣਿਆ ਹੋਇਆ ਹਨ।ਇਸ ਤਖਮੀਨੇ ਵਿੱਚ 24.96% ਦਾ ਵਾਧਾ ਕਰਨ ਲਈ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਭੇਜਿਆ ਜਾਵੇ ਅਤੇ ਠੇਕੇਦਾਰ ਨੂੰ ਇਹ ਕੰਮ ਕਰਨ ਲਈ 2 ਮਹੀਨੇ ਦਾ ਸਮਾਂ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ। ਇਸ ਕੰਮ ਦੀ ਪਹਿਲੇ ਚਲਤ ਬਿੱਲ ਦੀ ਫੋਟੋ ਕਾਪੀ ਮਿਸਲ ਵਿੱਚ ਨੱਥੀ ਹੈ। ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਮਿਤੀ 24.7.2020 ਰਾਹੀਂ ਕੰਮ ਦੇ ਤਖਮੀਨੇ ਵਿਚ ਵਾਧਾ ਕਰਨ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਮਿਤੀ 24.7.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/-

ਜ਼ਗਦੀਸ਼ ਰਾਜ ਰਾਜਾ, ਮੇਅਰ

24.7.2020

ਮਤਾ ਨੰਬਰ:- 118

ਵਿਸ਼ਾ :- ਪ੍ਰੋ/ਲੇਇੰਗ ਆਫ ਸੀ.ਸੀ. ਸਟਰੀਟਸ ਨਿਅਰ ਕਰਨ ਹਸਪਤਾਲ ਐਡਜੁਆਇਨਿੰਗ ਝੰਡੀਆ ਵਾਲਾ ਪੀਰ ਚਿੱਕ-ਚਿੱਕ ਹਾਉਸ (ਤਖਮੀਨਾ ਰੁ : 31.75 ਲੱਖ)।(ਠੇਕੇਦਾਰ ਜਿਸ ਨੂੰ ਬਲੈਕ ਲਿਸਟ ਕੀਤਾ ਗਿਆ ਹੈ, ਨੂੰ ਮੁੜ ਬਹਾਲ ਕਰਨ ਸਬੰਧੀ )

ਉਪਰੋਕਤ ਵਿਸ਼ੇ ਸਬੰਧੀ ਕੰਮ ਸ਼੍ਰੀ ਰਾਜੇਸ਼ ਕੁਮਾਰ ਖੋਸਲਾ, ਠੇਕੇਦਾਰ ਨੂੰ ਵਰਕ ਆਰਡਰ ਨੰਬਰ ਸੀ.ਈ/ ਡਬਲਯੂ/52 ਮਿਤੀ : 08.03.19 ਰਾਹੀ ਅਲਾਟ ਕੀਤਾ ਗਿਆ ਸੀ ਅਤੇ ਇਸ ਕੰਮ ਨੂੰ ਮੁਕੰਮਲ ਕਰਨ ਦੇ ਲਈ 5 ਮਹੀਨਿਆਂ ਦਾ ਸਮਾਂ ਦਿੱਤਾ ਗਿਆ ਸੀ।ਪਰ ਮੌਕੇ ਤੇ ਠੇਕੇਦਾਰ ਵੱਲੋਂ ਕੰਮ ਨੂੰ ਸਮੇ-ਸਿਰ ਮੁਕੰਮਲ ਨਹੀ ਕੀਤਾ ਗਿਆ, ਜਿਸ ਕਾਰਣ ਮਾਨਯੋਗ ਕਮਿਸ਼ਨਰ ਜੀ ਵੱਲੋਂ ਮਿਤੀ : 24.09.19 ਰਾਹੀ ਠੇਕੇਦਾਰ ਨੂੰ ਬਲੈਕ ਲਿਸਟ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ।

ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ : 222 ਮਿਤੀ : 20.12.19 ਨੂੰ ਠੇਕੇਦਾਰ ਨੂੰ ਬਲੈਕ ਲਿਸਟ ਕਰਨ ਦੀ ਪ੍ਰਵਾਨਗੀ ਦਿੰਦੇ ਹੋਏ ਇਹ ਫੈਸਲਾ ਲਿਆ ਗਿਆ ਕਿ ਮੌਕੇ ਤੇ ਬਾਕੀ ਬੱਚਦਾ ਕੰਮ ਸੈਕਿੰਡ ਲੋਅਸਟ ਤੋ ਕਰਵਾਇਆ ਜਾਵੇ।ਕਮੇਟੀ ਵੱਲੋਂ ਲਏ ਗਏ ਫੈਸਲੇ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਨਾਲ ਸਬਧੰਤ ਸੈਕਿੰਡ ਲੋਅਸਟ ਸ਼੍ਰੀ ਰਾਜੇਸ਼ ਬਾਂਸਲ, ਠੇਕੇਦਾਰ ਨੂੰ ਇਸ ਦਫਤਰ ਦੇ ਪੱਤਰ ਨੰ : 258/ਐਸ.ਈ/ਬੀ.ਐਂਡ.ਆਰ-ਐਸ ਮਿਤੀ : 22.01.20 ਰਾਹੀ ਨੈਗੋਸੀਏਸ਼ਨ ਲਈ ਲਿਖਿਆ ਗਿਆ।ਪ੍ਰੰਤੂ ਸ਼੍ਰੀ ਰਾਜੇਸ਼ ਬਾਂਸਲ ਸੈਕਿੰਡ ਲੋਅਸਟ ਵੱਲੋਂ 22.99% ਦੀ ਸੇਵਿੰਗ ਤੇ ਇਹ ਕੰਮ ਨੂੰ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ।ਪ੍ਰੰਤੂ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਬਲੈਕ ਲਿਸਟ ਕੀਤੇ ਗਏ ਠੇਕੇਦਾਰ ਸ਼੍ਰੀ ਰਾਜੇਸ਼ ਕੁਮਾਰ ਖੋਸਲਾ ਵੱਲੋਂ ਮਾਨਯੋਗ ਮੇਅਰ ਸਾਹਿਬ ਜੀ ਦੇ ਜੁਬਾਨੀ ਹੁਕਮਾਂ ਤੇ ਮੌਕੇ ਤੇ ਬਾਕੀ ਬੱਚਦੇ ਕੰਮ ਨੂੰ ਮੁਕੰਮਲ ਕਰ ਦਿੱਤਾ ਗਿਆ ਹੈ।

ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 24.7.2020 ਰਾਹੀਂ ਲਿਖਿਆ ਹੈ ਕਿ ਹੁਣ ਸਬਧੰਤ ਠੇਕੇਦਾਰ ਵੱਲੋਂ ਆਪਣੀ ਮੁੜ ਬਹਾਲੀ ਲਈ ਬੇਨਤੀ ਪੱਤਰ ਦਿੱਤਾ ਗਿਆ ਹੈ ਅਤੇ ਮੌਕੇ ਤੇ ਮੁਕੰਮਲ ਕੀਤੇ ਗਏ ਕੰਮ ਦੀ ਅਦਾਇਗੀ ਦੀ ਮੰਗ ਕੀਤੀ ਗਈ ਹੈ।ਇਸ ਲਈ ਸਬਧੰਤ ਠੇਕੇਦਾਰ ਦੀ ਬਲੈਕ ਲਿਸਟ ਨੂੰ ਰੱਦ ਕਰਕੇ ਮੁੜ ਤੋਂ ਬਹਾਲ ਕਰਨ ਸਬੰਧੀ ਫੈਸਲਾ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 24.7.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਮਿਤੀ 24.7.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/-

ਜ਼ਗਦੀਸ਼ ਰਾਜ ਰਾਜਾ, ਮੇਅਰ

24.7.2020

ਮਤਾ ਨੰਬਰ:- 119

ਵਿਸ਼ਾ:- ਸੁਭਾਸ਼ ਨਗਰ ਵਿੱਚ 8" ਡਾਇਆ ਸੀਵਰ ਲਾਇਨ ਦੀ ਸਾਈਟ ਚੇਂਜ ਕਰਕੇ ਫਰੈਂਡ ਮੈਟਲ ਵਾਲੀ ਗਲੀ ਅਤੇ ਛੋਟਾ ਸਈਪੁਰ ਰੋਡ ਤੇ ਪਾਉਣ ਬਾਰੇ। (ਸਾਈਟ ਚੇਂਜ ਦੀ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 1,80,564/- ਕੁੱਲ ਪ੍ਰਾਪਤ ਵੈਲਿਡ ਟੈਂਡਰ = 2 (ਛੇਵੀਂ ਬਾਰੀ)
ਟੈਂਡਰ ਅਮਾਊਂਟ ਰੁਪਏ: 1,67,743/- ਸੇਵਿੰਗ 7.10%
ਅਜੰਸੀ ਦਾ ਨਾਮ:- ਮੈ: ਦਿਨੇਸ਼ ਕੁਮਾਰ ਕੰਟਰੈਕਟਰ ਈ.ਪੀ.ਐਫ ਨੰ: LD JAL 1182152

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,80,564/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 91(25) ਮਿਤੀ 25-06-18 ਰਾਹੀਂ ਦਿੱਤੀ ਸੀ। ਇਸ ਕੰਮ ਦੇ ਈ-ਟੈਂਡਰ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਈ.ਪੀ.ਐਫ ਰਜਿਸਟਰਡ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਕੋਲੋ ਪੰਜਵ ਬਾਰੀ ਮੰਗੇ ਗਏ, ਪਰੰਤੂ ਕਿਸੇ ਸੁਸਾਈਟੀ/ਠੇਕੇਦਾਰ ਨੇ ਟੈਂਡਰਾਂ ਵਿੱਚ ਹਿੱਸਾ ਨਹੀ ਲਿਆ। ਇਸ ਕੰਮ ਦੇ ਟੈਂਡਰ ਛੇਵੀ ਬਾਰੀ ਈ-ਟੈਂਡਰ ਪ੍ਰਨਾਲੀ ਰਾਹੀਂ ਮੰਗੇ ਗਏ, ਕੁੱਲ 2 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈਸਰਜ਼ ਦਿਨੇਸ਼ ਕੁਮਾਰ ਕੰਟਰੈਕਟਰ, ਠੇਕੇਦਾਰ ਦਾ ਰੇਟ ਘੱਟ ਪਾਇਆ ਗਿਆ। ਮੈਸਰਜ਼ ਦਿਨੇਸ਼ ਕੁਮਾਰ ਕੰਟਰੈਕਟਰ ਠੇਕੇਦਾਰ ਨੇ 7.10% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 1,80,564/- ਦਾ ਕੰਮ ਰੁਪਏ 1,67,743/- ਵਿੱਚ ਹੋਣਾ ਹੈ। ਇਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 156 ਮਿਤੀ 26.09.19 ਰਾਹੀਂ ਦਿੱਤੀ। ਇਸ ਕੰਮ ਦਾ ਇਕਰਾਰਨਾਮਾ ਕਰਨ ਉਪਰੰਤ ਅਜੰਸੀ ਨੂੰ ਵਰਕ ਆਰਡਰ ਨੰ: ਸੀ.ਈ/ਈ.ਟੀ/156 ਮਿਤੀ 25.11.19 ਜਾਰੀ ਕੀਤਾ ਗਿਆ।
ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਨੇ ਮਿਤੀ 24.7.2020 ਰਾਹੀਂ ਲਿਖਿਆ ਹੈ ਕਿ ਇਹ ਦਸਣਯੋਗ ਹੈ ਕਿ ਵਾਰਡ ਨੰ: 63 ਦੇ ਕੋਂਸਲਰ ਜੀ ਵੱਲੋਂ ਅਪਣੇ ਪੱਤਰ ਰਾਹੀਂ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਹੈ ਕਿ ਉਹਨਾ ਦੇ ਵਾਰਡ ਵਿੱਚ ਹਾਊਸ ਤੋ ਪਹਿਲਾ ਪ੍ਰਵਾਨ ਹੋਇਆ ਤਖਮੀਨੇ ਦੀ ਸਾਈਟ ਸੁਭਾਸ਼ ਨਗਰ ਵਿੱਚ ਐਮ.ਪੀ ਗਰਾਂਟ ਤੋ ਸੀਵਰ ਲਾਇਨ ਪਵਾ ਲਈ ਗਈ ਹੈ ਅਤੇ ਹੁਣ ਉਹਨਾ ਦੇ ਵਾਰਡ ਵਿੱਚ ਪੈਂਦੇ ਇਲਾਕੇ ਫਰੈਂਡ ਮੈਟਲ ਵਾਲੀ ਗਲੀ ਅਤੇ ਛੋਟਾ ਸਈਪੁਰ ਰੋਡ ਤੇ ਸੀਵਰ ਦੀ ਕਾਫੀ ਸਮਸਿਆ ਆ ਰਹੀ ਹੈ। ਇਸ ਕਰਕੇ ਇਸ ਤਖਮੀਨੇ ਵਿੱਚ ਦਰਸ਼ਾਈ ਸੀਵਰ ਦੀ ਲਾਇਨ ਨੂੰ ਸਾਈਟ ਚੇਂਜ ਕਰਕੇ ਫਰੈਂਡ ਮੈਟਲ ਵਾਲੀ ਗਲੀ ਅਤੇ ਛੋਟਾ ਸਈਪੁਰ ਰੋਡ ਵਿੱਚ ਪਾਉਣ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 24.7.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਮਿਤੀ 24.7.2020 ਰਾਹੀਂ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/-
ਜ਼ਗਦੀਸ਼ ਰਾਜ ਰਾਜਾ, ਮੇਅਰ
24.7.2020